**ਪੰਜਾਬੀ ਯੂਨੀਵਰਸਿਟੀ, ਪਟਿਆਲਾ**

(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਤ)

**ਪੰਜਾਬੀ ਵਿਭਾਗ**

ਮਿਤੀ : 12 ਫਰਵਰੀ, 2024

## ਨੋਟਿਸ

ਸਾਹਿਤ ਸਭਾ ਪੰਜਾਬੀ ਵਿਭਾਗ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ 21 ਫਰਵਰੀ, 2024 ਨੂੰ ਕੌਮਾਂਤਰੀ ਮਾਤ-ਭਾਸ਼ਾ ਦਿਵਸ ਮਨਾਉਣ ਹਿਤ ਅਕਾਦਮਿਕ ਅਤੇ ਸਭਿਆਚਾਰਕ ਗਤੀਵਿਧੀਆਂ ਦੀ ਵਿਉਂਤਬੰਦੀ ਕੀਤੀ ਜਾ ਰਹੀ ਹੈ। ਇਸ ਸਮਾਗਮ ਦੇ ਦੋ ਪੜਾਅ ਹੋਣਗੇ। ਪਹਿਲੇ ਪੜਾਅ ਵਿਚ ਪੰਜਾਬੀ ਯੂਨੀਵਰਸਿਟੀ ਦੇ ਵਖ-ਵਖ ਵਿਭਾਗਾਂ ਵਿਚ ਪੜ੍ਹਾਈ ਕਰ ਰਹੇ ਵਿਦਿਆਰਥੀਆਂ ਦਾ ਪੰਜਾਬੀ ਭਾਸ਼ਾ, ਸਾਹਿਤ, ਪੰਜਾਬ ਦਾ ਇਤਿਹਾਸ ਅਤੇ ਸਭਿਆਚਾਰ ਸੰਬੰਧੀ ਵਣਜਾਰਾ ਬੇਦੀ ਵਿਰਾਸਤੀ ਗਿਆਨ-ਪਰਖ ਲਿਖਤੀ ਮੁਕਾਬਲਾ (ਪ੍ਰਸ਼ਨੋਤਰੀ), ਗੁਰਬਖ਼ਸ਼ ਸਿੰਘ ਪ੍ਰੀਤਲੜੀ ਨਿਬੰਧ ਲੇਖਨ ਮੁਕਾਬਲਾ, ਅੰਮ੍ਰਿਤਾ ਪ੍ਰੀਤਮ ਸੁੰਦਰ ਲਿਖਾਈ ਮੁਕਾਬਲਾ, ਭਾਈ ਵੀਰ ਸਿੰਘ ਮੌਲਿਕ ਕਾਵਿ-ਉਚਾਰਨ ਮੁਕਾਬਲਾ ਅਤੇ ਸ੍ਰ. ਸੋਭਾ ਸਿੰਘ ਚਿੱਤਰਕਲਾ/ਪੋਸਟਰ ਬਣਾਉਣ ਮੁਕਾਬਲਾ ਕਰਵਾਇਆ ਜਾਵੇਗਾ। ਇਹ ਮੁਕਾਬਲੇ ਗ੍ਰੈਜੂਏਸ਼ਨ ਅਤੇ ਪੋਸਟ-ਗ੍ਰੈਜੂਏਸ਼ਨ ਪੱਧਰ ਦੇ ਵਿਦਿਆਰਥੀਆਂ ਲਈ ਸਾਂਝੇ ਹਨ। ਨਿਬੰਧ ਲੇਖਨ ਮੁਕਾਬਲੇ ਲਈ ਪੀਐੱਚ.ਡੀ. ਦੇ ਖੋਜਾਰਥੀਆਂ ਦਾ ਵਰਗ ਵੱਖਰਾ ਹੋਵੇਗਾ। ਨਿਬੰਧ ਲੇਖਨ ਲਈ ਵਿਸ਼ਾ ਮੌਕੇ 'ਤੇ ਦਿੱਤਾ ਜਾਵੇਗਾ।

ਸਾਰੇ ਮੁਕਾਬਲੇ 20 ਫਰਵਰੀ ਅਤੇ 21 ਫਰਵਰੀ 2024 ਨੂੰ ਬਾਅਦ ਦੁਪਹਿਰ 1.00 ਵਜੇ ਤੋਂ 5.00 ਵਜੇ ਤਕ ਹੋਣਗੇ। ਪਹਿਲੇ ਦਿਨ ਵਿਰਾਸਤੀ ਗਿਆਨ-ਪਰਖ ਲਿਖਤੀ ਮੁਕਾਬਲਾ (ਪ੍ਰਸ਼ਨੋਤਰੀ), ਨਿਬੰਧ ਲੇਖਨ ਮੁਕਾਬਲਾ ਅਤੇ ਚਿੱਤਰਕਲਾ/ਪੋਸਟਰ ਬਣਾਉਣ ਮੁਕਾਬਲਾ ਹੋਵੇਗਾ ਜਦੋਂ ਕਿ ਦੂਜੇ ਦਿਨ ਸੁੰਦਰ ਲਿਖਾਈ ਮੁਕਾਬਲਾ ਅਤੇ ਮੌਲਿਕ ਕਾਵਿ-ਉਚਾਰਨ ਮੁਕਾਬਲਾ ਹੋਵੇਗਾ। ਇਨ੍ਹਾਂ ਮੁਕਾਬਲਿਆਂ ਦੇ ਪ੍ਰਤਿਭਾਗੀਆਂ ਵਿਚੋਂ ਪਹਿਲਾ, ਦੂਸਰਾ ਅਤੇ ਤੀਸਰਾ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਮਾਗਮ ਦੇ ਦੂਜੇ ਅਤੇ ਅੰਤਿਮ ਪੜਾਅ ਅਰਥਾਤ ਕੌਮਾਂਤਰੀ ਮਾਤ ਭਾਸ਼ਾ ਦਿਵਸ 'ਤੇ 21 ਫਰਵਰੀ, 2024 (ਬੁੱਧਵਾਰ) ਨੂੰ ਬਾਅਦ ਦੁਪਹਿਰ 2.00 ਵਜੇ ਕਰਵਾਏ ਜਾਣ ਵਾਲੇ ਸਭਿਆਚਾਰਕ ਸਮਾਗਮ ਦੌਰਾਨ ਇਨਾਮ ਅਤੇ ਪ੍ਰਮਾਣ-ਪੱਤਰ ਦੇ ਦੇ ਸਨਮਾਨਿਤ ਕੀਤਾ ਜਾਵੇਗਾ। ਇਨ੍ਹਾਂ ਮੁਕਾਬਲਿਆਂ ਵਿਚ ਭਾਗ ਲੈਣ ਲਈ ਕੋਈ ਫ਼ੀਸ ਨਹੀਂ ਹੈ। ਵਿਦਿਆਰਥੀ ਆਪਣੀ ਰਜਿਸਟ੍ਰੇਸ਼ਨ ਪੰਜਾਬੀ ਵਿਭਾਗ ਵਿਚ ਡਾ. ਗੁਰਮੀਤ ਸਿੰਘ (9501855119) ਕੋਲ 16 ਫਰਵਰੀ, 2024 (ਬਾਅਦ ਦੁਪਹਿਰ 2.00 ਵਜੇ ਤਕ) ਕਰਵਾ ਸਕਦੇ ਹਨ। ਇਨ੍ਹਾਂ ਮੁਕਾਬਲਿਆਂ ਦੇ ਕਨਵੀਨਰ ਡਾ. ਰਾਜਵੰਤ ਕੌਰ 'ਪੰਜਾਬੀ' ਹੋਣਗੇ। ਚਿੱਤਰਕਲਾ/ਪੋਸਟਰ ਬਣਾਉਣ ਦੇ ਮੁਕਾਬਲੇ ਸ.ਸੋਭਾ ਸਿੰਘ ਫਾਈਨ ਆਰਟਸ ਵਿਭਾਗ ਦੇ ਸਹਿਯੋਗ ਨਾਲ ਕਰਵਾਏ ਜਾਣਗੇ।

**(ਡਾ. ਰਾਜਵੰਤ ਕੌਰ ਪੰਜਾਬੀ)**
ਕਨਵੀਨਰ, ਕੌਮਾਂਤਰੀ ਮਾਤ-ਭਾਸ਼ਾ ਦਿਵਸ ਮੁਕਾਬਲੇ
ਪੰਜਾਬੀ ਵਿਭਾਗ

**(ਡਾ. ਗੁਰਮੁਖ ਸਿੰਘ)**
ਪ੍ਰੋਫ਼ੈਸਰ ਅਤੇ ਮੁਖੀ